# ਆਈ ਐੱਮ. ਪੌਵਰ. ਈ ਡੀ

ਇਹ ਪ੍ਰੋਜੈਕਟ, ਕਈ ਜ਼ਬਾਨਾਂ ਵਿਚ ਵਰਕਸ਼ਾਪਾਂ, ਕਾਨੂੰਨ ਬਾਰੇ ਜਾਣਕਾਰੀ ਦੀ ਸਾਮੱਗਰੀ, ਅਕਸਰ ਪੁੱਛੇ ਜਾਂਦੇ ਸਵਾਲਾਂ ਬਾਰੇ ਤੱਥ ਸ਼ੀਟਾਂ ਅਤੇ ਘੱਟ ਹੁਨਰਾਂ ਵਾਲੇ ਕਿੱਤਿਆਂ ਵਿਚ ਕੰਮ ਕਰਦੇ ਆਰਜ਼ੀ ਬਦੇਸ਼ੀ ਵਰਕਰਾਂ ਲਈ ਅਤੇ ਇਸ ਦੇ ਨਾਲ ਨਾਲ ਆਰਜ਼ੀ ਬਦੇਸ਼ੀ ਕਾਮਿਆਂ ਨਾਲ ਕੰਮ ਕਰਦੇ ਜਾਂ ਕੰਮ ਕਰਨ ਵਿਚ ਦਿਲਚਸਪੀ ਰੱਖਦੇ ਵਰਕਰਾਂ ਲਈ ਮੀਡੀਆ ਕਵਰੇਜ ਪ੍ਰਦਾਨ ਕਰਦਾ ਹੈ ਜਿਨ੍ਹਾਂ ਵਿਚ ਫਰੰਟਲਾਈਨ ਵਰਕਰ, ਸੈਟਲਮੈਂਟ ਵਰਕਰ ਅਤੇ ਕਮਿਊਨਟੀ ਵਰਕਰ, ਵਾਲੰਟੀਅਰ ਅਤੇ ਬ੍ਰਿਟਿਸ਼ ਕੋਲੰਬੀਆ ਵਿਚਲੇ ਕਮਿਊਨਟੀ-ਆਧਾਰਿਤ ਗਰੁੱਪ ਸ਼ਾਮਲ ਹਨ।

ਫੰਡ ਇਸ ਤੋਂ ਮਿਲੇ:

THE LAW FOUNDATION OF BRITISH COLUMBIA



**ਆਈ ਐੱਮ. ਪੌਵਰ. ਈ ਡੀ**

ਬ੍ਰਿਟਿਸ਼ ਕੋਲੰਬੀਆ ਵਿਚਲੇ ਘੱਟ ਹੁਨਰਾਂ ਵਾਲੇ ਕਿੱਤਿਆਂ ਵਿਚ ਕੰਮ ਕਰਦੇ ਆਰਜ਼ੀ ਬਦੇਸ਼ੀ ਵਰਕਰਾਂ ਲਈ ਕਾਨੂੰਨੀ ਸਿਖਿਆ, ਜਾਣਕਾਰੀ ਅਤੇ ਸੇਵਾਵਾਂ।

ਮੋਹਰੀ ਏਜੰਸੀ: **ਮੋਜ਼ੈਕ**

ਮਦਦ ਕਰਨ ਵਾਲੀਆਂ ਏਜੰਸੀਆਂ:

**ਪਨਟਿਕਟਨ ਐਂਡ ਏਰੀਆ ਵੋਮਿਨਜ਼ ਸੈਂਟਰ (ਪੀ ਏ ਡਬਲਯੂ ਸੀ);**
**ਸਾਊਥ ਓਕਨਆਗਨ ਇਮੀਗਰਾਂਟ ਐਂਡ ਕਮਿਊਨਟੀ ਸਰਵਿਸਜ਼ (ਐੱਸ ੳ ਆਈ ਸੀ ਐੱਸ);**
**ਇੰਟਰਕਲਚਰਲ ਐਸੋਸੀਏਸ਼ਨ ਆਫ ਗਰੇਟਰ ਵਿਕਟੋਰੀਆ (ਆਈ ਸੀ ਏ);**
**ਇਮੀਗਰਾਂਟ ਐਂਡ ਮਲਟੀਕਲਚਰਲ ਸਰਵਿਸਿਜ਼ ਸੁਸਾਇਟੀ ਆਫ ਪ੍ਰਿੰਸ ਜੌਰਜ (ਆਈ ਐੱਮ ਐੱਸ ਐੱਸ)**

ਫੰਡਾਂ ਵਿਚ ਸਹਿਯੋਗੀ:

**ਲਾਅ ਫਾਊਂਡੇਸ਼ਨ ਆਫ ਬ੍ਰਿਟਿਸ਼ ਕੋਲੰਬੀਆ**

ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਸੰਪਰਕ ਕਰੋ:

**ਆਈ ਐੱਮ. ਪੌਵਰ. ਈ ਡੀ**
ਬੀ.ਸੀ. ਵਿਚ ਆਰਜ਼ੀ ਬਦੇਸ਼ੀ ਵਰਕਰਾਂ ਲਈ ਪ੍ਰੋਗਰਾਮ ਅਤੇ ਸੇਵਾਵਾਂ
ਮੋਜ਼ੈਕ
MOSAIC
1720 Grant Street,
Vancouver, BC V5L 2Y7
ਫੋਨ: 604 254 9626
ਫੈਕਸ: 604 254 3932

**www.mosaicbc.com/settlement-services/legalfinancial/impowered**

**www.mosaicbc.com**

© MOSAIC, September 2010

MOSAIC

**ਆਈ ਐੱਮ. ਪੌਵਰ. ਈ ਡੀ**
ਬ੍ਰਿਟਿਸ਼ ਕੋਲੰਬੀਆ ਵਿਚਲੇ ਘੱਟ ਹੁਨਰਾਂ ਵਾਲੇ ਕਿੱਤਿਆਂ ਵਿਚ ਕੰਮ ਕਰਦੇ ਆਰਜ਼ੀ ਬਦੇਸ਼ੀ ਵਰਕਰਾਂ ਲਈ ਕਾਨੂੰਨੀ ਸਿਖਿਆ ਅਤੇ ਸੇਵਾਵਾਂ

## ਅਕਸਰ ਪੁੱਛੇ ਜਾਂਦੇ ਸਵਾਲ:

# ਵਰਕਰਾਂ ਦੇ ਹੱਕ ਅਤੇ ਰੁਜ਼ਗਾਰ ਦੇ ਮਿਆਰ

## ਜੇ ਮੇਰਾ ਕੰਮ ਟੁੱਟ ਜਾਵੇ ਤਾਂ ਕੀ ਹੁੰਦਾ ਹੈ?

ਤੁਹਾਨੂੰ ਆਪਣਾ ਕੰਮ ਛੱਡਣ ਨੂੰ ਕਹਿਣ ਤੋਂ ਪਹਿਲਾਂ ਤੁਹਾਡੇ ਕੰਮ-ਮਾਲਕ (ਇਮਪਲੌਏਅਰ) ਲਈ ਤੁਹਾਨੂੰ ਲਿਖਤੀ ਨੋਟਿਸ ਜਾਂ ਇਸ ਦੀ ਥਾਂ 'ਤੇ ਪੈਸੇ ਦੇਣਾ ਜ਼ਰੂਰੀ ਹੈ (ਇਸ ਨੂੰ ਟਰਮੀਨੇਸ਼ਨ ਪੇਅ ਆਖਿਆ ਜਾਂਦਾ ਹੈ)।

ਤੁਹਾਡੇ ਕੰਮ-ਮਾਲਕ ਲਈ ਤੁਹਾਨੂੰ ਚੇਤਾਵਨੀ ਦੇਣਾ ਜ਼ਰੂਰੀ ਨਹੀਂ ਹੈ ਜੇ ਤੁਹਾਨੂੰ ਕਿਸੇ "ਵਾਜਬ ਕਾਰਨ" ਕਰਕੇ ਕੰਮ ਛੱਡ ਕੇ ਜਾਣ ਲਈ ਕਿਹਾ ਜਾ ਰਿਹਾ ਹੈ (ਉਦਾਹਰਣ ਲਈ, ਗੰਭੀਰ ਬਦਸਲੂਕੀ ਕਰਨਾ ਜਾਂ ਕਿਸੇ ਚੰਗੇ ਕਾਰਨ ਤੋਂ ਬਿਨਾਂ ਕੰਮ 'ਤੇ ਨਾ ਆਉਣਾ)।

ਜੇ ਖਾਸ ਸਮੇਂ ਲਈ ਜਾਂ ਖਾਸ ਕੰਮ ਲਈ ਤੁਹਾਡੇ ਕੋਲ ਕੌਨਟਰੈਕਟ (ਇਕਰਾਰਨਾਮਾ) ਹੈ ਤਾਂ ਤੁਹਾਡੇ ਕੰਮ-ਮਾਲਕ ਨੂੰ ਤੁਹਾਡਾ ਕੌਨਟਰੈਕਟ ਮੁੱਕਣ 'ਤੇ ਤੁਹਾਨੂੰ ਨੋਟਿਸ ਦੇਣ ਦੀ ਲੋੜ ਨਹੀਂ ਹੈ।

ਨੋਟਿਸ ਆਫ ਟਰਮੀਨੇਸ਼ਨ (ਕੰਮ ਤੋਂ ਹਟਾਉਣ ਦੇ ਨੋਟਿਸ) ਬਾਰੇ ਨਿਯਮ ਹਰ ਸੂਬੇ ਅਤੇ ਟੈਰੀਟਰੀ ਵਿਚ ਵੱਖੋ ਵੱਖਰੇ ਹਨ।

ਜੇ ਤੁਹਾਡਾ ਕੰਮ-ਮਾਲਕ ਤੁਹਾਨੂੰ ਕੰਮ ਤੋਂ ਹਟਾਉਣ ਵੇਲੇ ਕਾਨੂੰਨ ਦੀ ਪਾਲਣਾ ਨਹੀਂ ਕਰਦਾ ਤਾਂ ਤੁਸੀਂ ਆਪਣੀ ਸਥਾਨਕ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ (ਈ ਐੱਸ ਬੀ) ਕੋਲ ਸ਼ਿਕਾਇਤ ਕਰ ਸਕਦੇ ਹੋ।

ਜੇ ਤੁਸੀਂ ਯੂਨੀਅਨ ਦੇ ਕੌਨਟਰੈਕਟ ਹੇਠ ਕਵਰ ਹੋ ਤਾਂ ਤੁਹਾਨੂੰ ਯੂਨੀਅਨ ਰਾਹੀਂ ਰਸਮੀ ਸ਼ਿਕਾਇਤ ਕਰਨ ਦੀ ਲੋੜ ਪੈ ਸਕਦੀ ਹੈ। ਕੈਨੇਡਾ ਸਰਕਾਰ ਦਾ ਇਮਪਲੌਏਮੈਂਟ ਇਨਸ਼ੋਰੈਂਸ (ਈ ਆਈ) ਪ੍ਰੋਗਰਾਮ ਬੇਰੁਜ਼ਗਾਰ ਵਰਕਰਾਂ ਨੂੰ ਆਰਜ਼ੀ ਮਾਇਕ ਸਹਾਇਤਾ (ਰੈਗੂਲਰ ਬੈਨੇਫਿਟਸ) ਪ੍ਰਦਾਨ ਕਰਦਾ ਹੈ ਜਿਸ ਵਿਚ ਟੀ ਐੱਫ ਡਬਲਯੂਜ਼ ਅਤੇ ਉਹ ਵੀ ਸ਼ਾਮਲ ਹਨ ਜਿਹੜੇ ਬੀਮਾਰੀ, ਬੱਚੇ ਦੇ ਜਨਮ ਜਾਂ ਬੱਚੇ ਦੀ ਸੰਭਾਲ ਕਾਰਨ ਕੰਮ ਨਹੀਂ ਕਰ ਸਕਦੇ। ਇਹ ਉਨ੍ਹਾਂ ਵਰਕਰਾਂ ਦੀ ਮਦਦ ਵੀ ਕਰਦਾ ਹੈ ਜਿਹੜੇ ਪਰਿਵਾਰ ਦੇ ਗੰਭੀਰ ਤੌਰ 'ਤੇ ਬੀਮਾਰ ਕਿਸੇ ਮੈਂਬਰ ਦੀ ਸੰਭਾਲ ਜਾਂ ਮਦਦ ਕਰ ਰਹੇ ਹਨ ਜਿਸ ਦੀ ਮੌਤ ਹੋਣ ਦਾ ਬਹੁਤ ਜ਼ਿਆਦਾ ਖਤਰਾ ਹੈ।

ਰੈਗੂਲਰ ਅਤੇ ਬੀਮਾਰੀ ਦੇ ਭੱਤੇ ਆਮ ਤੌਰ 'ਤੇ ਸਿਰਫ ਉਦੋਂ ਹੀ ਲਏ ਜਾ ਸਕਦੇ ਹਨ ਜਦੋਂ ਵਰਕਰ ਕੈਨੇਡਾ ਵਿਚ ਹੁੰਦੇ ਹਨ। ਪਰ ਨੋਟ ਕਰੋ ਕਿ ਮੈਟਰਨਿਟੀ (ਜਣੇਪੇ), ਬੱਚੇ ਦੇ ਪਾਲਣ-ਪੋਸਣ ਅਤੇ ਹਮਦਰਦੀਪੂਰਣ ਸੰਭਾਲ ਦੇ ਭੱਤੇ ਸ਼ਾਇਦ ਵਰਕਰਾਂ ਦੇ ਕੈਨੇਡਾ ਤੋਂ ਬਾਹਰ ਹੋਣ 'ਤੇ ਵੀ ਲਏ ਜਾ ਸਕਦੇ ਹਨ। ਆਰਜ਼ੀ ਬਦੇਸ਼ੀ ਵਰਕਰਾਂ ਲਈ ਵੀ ਹੱਕਦਾਰੀ ਦੀਆਂ ਉਹ ਸ਼ਰਤਾਂ ਪੂਰੀਆਂ ਕਰਨਾ ਜ਼ਰੂਰੀ ਹੈ ਜਿਹੜੀਆਂ ਕੈਨੇਡੀਅਨ ਸਿਟੀਜ਼ਨਾਂ ਅਤੇ ਪ੍ਰਮਾਨੈਂਟ ਰੈਜ਼ੀਡੈਂਟਾਂ (ਪੱਕੇ ਵਸਨੀਕਾਂ) ਨੂੰ ਕਰਨੀਆਂ ਪੈਂਦੀਆਂ ਹਨ।

## ਜੇ ਹੁਣ ਮੇਰੇ ਕੋਲ ਕੰਮ ਨਾ ਹੋਵੇ ਜਾਂ ਜੇ ਮੈਨੂੰ ਆਪਣਾ ਕੰਮ ਛੱਡਣਾ ਪਵੇ ਤਾਂ ਕੀ ਮੈਂ ਇਮਪਲੌਏਮੈਂਟ ਇਨਸ਼ੋਰੈਂਸ (ਈ ਆਈ) ਲੈ ਸਕਦਾ/ਸਕਦੀ ਹਾਂ?

ਕੰਮ ਦੇ ਟੁੱਟਣ ਦੌਰਾਨ ਈ ਆਈ ਉਨ੍ਹਾਂ ਲੋਕਾਂ ਨੂੰ ਰੈਗੂਲਰ ਭੱਤੇ ਪ੍ਰਦਾਨ ਕਰਦੀ ਹੈ ਜਿਹੜੇ ਆਪਣੇ ਕਸੂਰ ਤੋਂ ਬਿਨਾਂ ਆਪਣੇ ਕੰਮ ਗਵਾ ਬਹਿੰਦੇ ਹਨ (ਉਦਾਹਰਣ ਲਈ, ਕੰਮ ਦੀ ਘਾਟ ਕਾਰਨ ਜਾਂ ਵੱਡੇ ਪੱਧਰ 'ਤੇ ਕੰਮ ਤੋਂ ਛਾਂਟੀ ਕਾਰਨ) ਅਤੇ ਕੰਮ ਕਰਨ ਲਈ ਉਪਲਬਧ ਹਨ ਅਤੇ ਕੰਮ ਕਰਨ ਦੇ ਯੋਗ ਹਨ, ਪਰ ਕੰਮ ਨਹੀਂ ਲੱਭ ਸਕਦੇ। ਆਰਜ਼ੀ ਬਦੇਸ਼ੀ ਵਰਕਰ ਈ ਆਈ ਭੱਤਿਆਂ ਲਈ ਯੋਗ ਹੋ ਸਕਦੇ ਹਨ।

ਆਪਣੀ ਹੱਕਦਾਰੀ ਬਾਰੇ ਐੱਚ ਆਰ ਐੱਸ ਡੀ ਸੀ ਤੋਂ ਚੈੱਕ ਕਰੋ
www.hrsdc.gc.ca/eng/workplaceskills/foreign_workers/ei_tfw/ceie_tfw.shtml

ਜਾਂ ਸਰਵਿਸ ਕੈਨੇਡਾ ਦਾ ਵੈੱਬਸਾਈਟ
www.servicecanada.gc.ca

ਜਾਂ 1 800 206 7218 ਨੂੰ ਫੋਨ ਕਰੋ।

## ਮੈਨੂੰ ਆਪਣੇ ਕੰਮ ਦੇ ਰਿਕਾਰਡ (ਆਰ ਓ ਈ) ਦੀ ਕਾਪੀ ਕਿਵੇਂ ਮਿਲ ਸਕਦੀ ਹੈ?

ਤੁਹਾਡੀ ਆਰ ਓ ਈ, ਕੈਨੇਡਾ ਪੈਨਸ਼ਨ ਪਲੈਨ (ਸੀ ਪੀ ਪੀ ਜਾਂ ਓਲਡ ਏਜ) ਵਿਚ ਯੋਗਦਾਨ, ਅਤੇ ਈ ਆਈ ਕਲੇਮਾਂ ਦੀ ਜਾਣਕਾਰੀ ਇੰਟਰਨੈੱਟ ਰਾਹੀਂ ਔਨਲਾਈਨ ਮੁਫਤ ਉਪਲਬਧ ਹੈ ਜੋ ਕਿ ਸਰਵਿਸ ਕੈਨੇਡਾ ਦੇ ਵੈੱਬਸਾਈਟ www.servicecanada.gc.ca/eng/online/mysca.shtml 'ਤੇ ਜਾ ਕੇ ਦੇਖੀ ਜਾ ਸਕਦੀ ਹੈ।

ਆਪਣੀਆਂ ਫਾਇਲਾਂ ਦੇਖਣ ਲਈ ਤੁਹਾਨੂੰ ਇਕ ਅਕਾਊਂਟ (ਈਪਾਸ) ਬਣਾਉਣ ਦੀ ਲੋੜ ਪਵੇਗੀ: ਤੁਹਾਨੂੰ ਆਪਣੀ ਯੂਜ਼ਰ ਆਈ ਡੀ, ਪਾਸਵਰਡ ਬਣਾਉਣ ਅਤੇ ਆਪਣਾ ਸੋਸ਼ਲ ਇਨਸ਼ੋਰੈਂਸ ਨੰਬਰ ਇੰਟਰ ਕਰਨ ਲਈ ਕਿਹਾ ਜਾਵੇਗਾ।

ਇਸ ਦੇ ਬਦਲ ਵਜੋਂ ਆਪਣੇ ਨੇੜੇ ਦੇ ਸਰਵਿਸ ਕੈਨੇਡਾ ਦੇ ਦਫਤਰ ਵਿਚ ਜਾਉ ਜਿੱਥੋਂ ਤੁਸੀਂ ਆਪਣੇ ਆਰ ਓ ਈ ਨਾਲ ਸੰਬੰਧਿਤ ਕਿਸੇ ਵੀ ਸਮੱਸਿਆ ਜਾਂ ਈ ਆਈ ਲਈ ਅਪਲਾਈ ਕਰਨ ਵਿਚ ਮਦਦ ਮੰਗ ਸਕਦੇ ਹੋ।

## ਮੈਂ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ (ਈ ਐੱਸ ਬੀ) ਕੋਲ ਸ਼ਿਕਾਇਤ ਕਿਵੇਂ ਦਰਜ ਕਰਵਾ ਸਕਦਾ/ਸਕਦੀ ਹਾਂ?

ਈ ਐੱਸ ਬੀ ਸਲਾਹ ਦਿੰਦੀ ਹੈ ਕਿ ਰਹਿੰਦੀਆਂ ਤਨਖਾਹਾਂ ਲਈ ਮਤਭੇਦ ਜਾਂ ਕੰਮ ਵਾਲੀ ਥਾਂ ਦੀ ਕਿਸੇ ਸਮੱਸਿਆ ਨੂੰ ਹੱਲ ਕਰਵਾਉਣ ਦੀ ਕੋਸ਼ਿਸ਼ ਵਿਚ ਪਹਿਲਾ ਕਦਮ ਈ ਐੱਸ ਬੀ ਦੀ "ਸਵੈ-ਮਦਦ" ਦੀ ਵਰਤੋਂ ਕਰਨਾ ਹੈ।

ਸ਼ਿਕਾਇਤ ਦਰਜ ਕਰਵਾਉਣ ਲਈ ਤੁਹਾਡੇ ਕੋਲ, ਸਮੱਸਿਆ ਪੈਦਾ ਹੋਣ ਤੋਂ ਬਾਅਦ ਜਾਂ ਆਪਣਾ ਕੰਮ ਖਤਮ ਹੋਣ ਤੋਂ ਬਾਅਦ ਛੇ ਮਹੀਨੇ ਹਨ। ਜੇ ਛੇ-ਮਹੀਨੇ ਦੇ ਸਮੇਂ ਦੇ ਖਤਮ ਹੋਣ ਵਿਚ 30 ਦਿਨਾਂ ਤੋਂ ਘੱਟ ਸਮਾਂ ਰਹਿੰਦਾ ਹੈ ਤਾਂ ਤੁਹਾਨੂੰ ਈ ਐੱਸ ਬੀ ਕੋਲ ਆਪਣੀ ਸ਼ਿਕਾਇਤ ਦਰਜ ਕਰਵਾ ਦੇਣੀ ਚਾਹੀਦੀ ਹੈ ਅਤੇ ਫਿਰ ਆਪਣੀ ਸਮੱਸਿਆ ਨੂੰ ਹੱਲ ਕਰਨ ਦੀ ਕੋਸ਼ਿਸ਼ ਲਈ ਸਵੈ-ਮਦਦ ਵਾਲੀ ਕਿੱਟ ਦੀ ਵਰਤੋਂ ਕਰੋ।

ਸਵੈ-ਮਦਦ ਵਾਲੀ ਕਿੱਟ ਦੀ ਕਾਪੀ ਲੈਣ ਲਈ, www.labour.gov.bc.ca/esb/self-help/welcome.htm ਵੈੱਬਸਾਈਟ 'ਤੇ ਮਨਿਸਟਰੀ ਆਫ ਲੇਬਰ/ਇਮਪਲੌਏਮੈਂਟ ਸਟੈਂਡਰਡਜ਼ ਦੇ ਵੈੱਬਪੇਜ 'ਤੇ ਜਾਉ।

ਬੀ ਸੀ ਵਿਚ ਸਰਵਿਸ ਕੈਨੇਡਾ ਦੇ ਨੇੜੇ ਦੇ ਦਫਤਰਾਂ ਦਾ ਪਤਾ ਲਾਉਣ ਲਈ:
www.servicecanada.gc.ca/eng/online/mysca.shtml

ਜਾਂ 1 800 206 7218 ਨੂੰ ਫੋਨ ਕਰੋ।

ਜੇ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੋਵੇ ਜਾਂ ਈ ਆਈ ਲਈ ਅਪਲਾਈ ਕਰਨ ਜਾਂ ਵਰਕਰਾਂ ਦੇ ਹੱਕਾਂ ਦੇ ਹੋਰ ਮਾਮਲਿਆਂ ਵਿਚ ਮਦਦ ਦੀ ਲੋੜ ਹੋਵੇ ਤਾਂ ਮੋਜ਼ੈਕ ਵਿਖੇ ਆਈ ਐੱਮ. ਪੌਵਰ. ਈ ਡੀ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦਾ ਹੈ।